**ਦਫਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ।**

(ਕੰਪ: ਪੰਜਾਬ ਸਕੂਲ ਸਿੱਖਿਆ ਬੋਰਡ, ਫੇਸ-8, ਐਸ.ਏ.ਐਸ ਨਗਰ)

(adsadpi@punjabeducation.gov.in)

(ਅਮਲਾ-2 ਸ਼ਾਖਾ)

## ਪਬਲਿਕ ਨੋਟਿਸ

1.0 ਸਿੱਖਿਆ ਵਿਭਾਗ, ਪੰਜਾਬ ਵਿੱਚ ਮਾਸਟਰ ਕਾਡਰ ਦੀਆਂ ਵੱਖ-ਵੱਖ ਵਿਸ਼ਿਆਂ ਦੀਆਂ 3704 ਆਸਾਮੀਆਂ ਭਰਨ ਲਈ ਮਿਤੀ 28.02.2020/25.10.2020 ਨੂੰ ਇਸ਼ਤਿਹਾਰ ਦਿੱਤਾ ਗਿਆ ਸੀ। ਦਫਤਰ ਡਾਇਰੈਕਟਰ ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ ਵੱਲੋਂ ਉਨਾਂ ਦੇ ਪੱਤਰ ਨੰ. ਈ-840745 ਭਡ (8)/202537432, ਮਿਤੀ 07.02.2025 ਅਨੁਸਾਰ ਸਿਵਲ ਰਿੱਟ ਪਟੀਸ਼ਨ ਨੰ. 4264 ਆਫ 2021 ਸਿਕੰਦਰ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਕੀਤੇ ਗਏ ਫੈਸਲੇ ਦੀ ਪਾਲਣਾ ਹਿੱਤ 3704 ਮਾਸਟਰ ਕਾਡਰ ਭਰਤੀ ਦੀਆਂ ਵਿਸ਼ਾਵਾਰ ਸਿਲੈਕਸ਼ਨ ਸੂਚੀਆਂ ਰੀ-ਕਾਸਟ ਕੀਤੀਆਂ ਗਈਆਂ ਹਨ।

2.0 ਰੀ-ਕਾਸਟ ਕੀਤੀ ਗਈ ਸਿਲੈਕਸ਼ਨ ਸੂਚੀ **ਵਿਸ਼ਾ ਮੈਥ, ਸਾਇੰਸ, ਅੰਗਰੇਜ਼ੀ ਅਤੇ ਹਿੰਦੀ** ਵਿੱਚ ਯੋਗ ਪਾਏ ਗਏ ਉਮੀਦਵਾਰ, ਜੋ ਕਿ ਪੁਰਾਣੀ ਸਿਲੈਕਸ਼ਨ ਸੂਚੀ ਅਨੁਸਾਰ ਸਕੂਲ ਵਿੱਚ ਜੁਆਇੰਨ ਹਨ ਅਤੇ ਰੀ-ਕਾਸਟ ਸਿਲੈਕਸ਼ਨ ਸੂਚੀ ਵਿੱਚ ਵੀ ਯੋਗ ਪਾਏ ਗਏ ਹਨ, ਨੂੰ ਛੱਡਕੇ ਨਵੇਂ ਸ਼ਾਮਿਲ ਹੋਏ ਯੋਗ ਉਮੀਦਵਾਰਾਂ ਨੂੰ ਮਿਤੀ 05.04.2025 ਨੂੰ ਬਾਅਦ ਦੁਪਹਿਰ 12.00 ਵਜ਼ੇ ਨਿਯੁੱਕਤੀ ਪੱਤਰ ਦੇਣ ਲਈ **ਚੋਥੀ ਮੰਜਿਲ, ਦਫਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਫੇਜ-8, ਐਸ.ਏ.ਐਸ ਨਗਰ** ਵਿਖੇ ਬੁਲਾਇਆ ਗਿਆ ਸੀ।

3.0 ਮਿਤੀ 05.04.2025 ਨੂੰ ਨਿਯੁੱਕਤੀ ਪੱਤਰ ਪ੍ਰਾਪਤ ਕਰ ਚੁੱਕੇ ਯੋਗ ਉਮੀਦਵਾਰਾਂ ਨੂੰ ਸਟੇਸ਼ਨ ਚੋਣ ਲਈ ਮਿਤੀ 09.04.2025 ਨੂੰ ਦੁਪਹਿਰ 2.00 ਵਜ਼ੇ **ਚੋਥੀ ਮੰਜਿਲ, ਦਫਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਫੇਜ-8, ਐਸ.ਏ.ਐਸ ਨਗਰ** ਵਿਖੇ ਸੱਦਾ ਦਿੱਤਾ ਜਾਂਦਾ ਹੈ।

4.0 ਉਪਰੋਕਤ ਤੋਂ ਇਲਾਵਾ ਮਿਤੀ 05.04.2025 ਨੂੰ ਨਿਯੁੱਕਤੀ ਪੱਤਰ ਪ੍ਰਾਪਤ ਕਰਨ ਲਈ ਗੈਰਹਾਜ਼ਰ ਰਹੇ ਉਮੀਦਵਾਰਾਂ ਨੂੰ ਮਿਤੀ 09.04.2025 ਨੂੰ ਦੁਪਹਿਰ 02.00 ਵਜ਼ੇ ਇੱਕ ਹੋਰ ਅੰਤਿਮ ਮੋਕਾ ਦਿੱਤਾ ਜਾਂਦਾ ਹੈ। ਮਿਤੀ 09.04.2025 ਨੂੰ ਗੈਰਹਾਜ਼ਰ ਰਹਿਣ ਵਾਲੇ ਉਮੀਦਵਾਰਾਂ ਦਾ ਨਿਯੁੱਕਤੀ ਲਈ ਕਲੇਮ ਰੱਦ ਕਰ ਦਿੱਤਾ ਜਾਵੇਗਾ।

08/04/2025

**ਸਹਾਇਕ ਡਾਇਰੈਕਟਰ (ਸ.ਪ੍ਰ-2)**

**ਦ:ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ,**

**ਮਿਤੀ:** 08-04-2025.